# ਹਰਸਰਨ ਸਿੰਘ ਦਾ ਨਾਟਕ 'ਉਦਾਸ ਲੋਕ'



## ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

ਚਾਰ ਅੰਕਾਂ ਵਿਚ ਵੰਡਿਆ ਇਹ ਪੂਰਾ ਨਾਟਕ ਪੰਜਾਬੀ ਨਾਟਕ ਸਾਹਿਤ ਦੀ ਇਕ ਬਹੁਤ ਹੀ ਉਤਮ ਕਿਰਤ ਹੈ । ਇਹ ਨਾਟਕ ਅੰਮ੍ਰਿਤਸਰ ਨਾਟਕ ਕਲਾਕੇਂਦਰ ਵਲੋਂ 29 ਜੂਨ 1966 ਨੂੰ ਸਹਿਯੋਗੀ ਦਰਸ਼ਕਾਂ ਅੱਗੇ ਖੇਡਿਆ ਗਿਆ । ਚੰਗੇ ਸਾਹਿਤਕ ਨਾਟਕ ਪੇਸ਼ ਕਰਨ ਦੇ ਮੰਤਵ ਨਾਲ 1964 ਵਿਚ ਅਸੀਂ ਇਸ ਸੰਸਥਾ ਦੀ ਸ਼ੁਰੂਆਤ ਕੀਤੀ ਸੀ । ਜਿਥੇ ਕਲਾਕਾਰ ਸਾਡੇ ਕੇਂਦਰ ਦੇ ਐਕਟਰ ਮੈਂਬਰ ਸਨ, ਉਥੇ ਅਸੀਂ 200 ਦੇ ਕਰੀਬ ਅੰਮ੍ਰਿਤਸਰ ਸ਼ਹਿਰ ਵਿਚ ਸਹਿਯੋਗੀ ਮੈਂਬਰ ਬਣਾਏ ਸਨ । ਉਨ੍ਹਾਂ ਕੋਲੋਂ ਅਸੀਂ ਦਸ ਰੁਪਏ ਸਾਲ ਲੈਂਦੇ ਸਾਂ ਅਤੇ ਹਰ ਪ੍ਰੋਗਰਾਮ ਲਈ ਹਰ ਮੈਂਬਰ ਨੂੰ ਚਾਰ ਸੱਦਾ ਪੱਤਰ ਉਨ੍ਹਾਂ ਦੇ ਟੱਬਰਾਂ ਅਤੇ ਦੋਸਤਾਂ ਲਈ ਦੇਂਦੇ ਸਾਂ । ਦਸ ਰਾਤਾਂ ਦਾ ਪ੍ਰੋਗਰਾਮ ਹਰ ਸਾਲ ਜ਼ਰੂਰ ਦੇਂਦੇ ਸਾਂ । ਹਰ ਪ੍ਰੋਗਰਾਮ ਵਿਚ 800 ਤੋਂ 1000 ਦਰਸ਼ਕਾਂ ਦੀ ਹਾਜ਼ਰੀ ਪੱਕੀ ਹੁੰਦੀ ਸੀ ।

'ਉਦਾਸ ਲੋਕ' ਦਰਮਿਆਨੇ ਦਰਜੇ ਦੇ ਇਕ ਅਕਾਉਂਟੈਂਟ ਸ਼ਿਵ ਅਤੇ ਉਹਦੀ ਬਿਮਾਰ ਪਤਨੀ ਸ਼ਾਂਤੀ ਦੀ ਜੀਵਨ- ਕਹਾਣੀ ਹੈ । ਸ਼ਿਵ ਉਸ ਸ਼ਹਿਰ ਵਿਚ ਨੌਕਰੀ ਕਰਦਾ ਹੈ, ਜਿਥੇ ਉਹਦੇ ਮਾਂ-ਬਾਪ, ਵੱਡੇ ਭਰਾ ਟੱਬਰਾਂ ਸਮੇਤ ਰਹਿੰਦੇ ਹਨ । ਹਰ ਇਕ ਦਾ ਆਪਣਾ ਦੁੱਖ ਹੈ । ਉਹ ਇਕ ਦੂਜੇ ਦਾ ਦੁੱਖ ਵੰਡਾਉਣਾ ਚਾਹੁੰਦੇ ਹੋਏ ਵੀ ਨਹੀਂ ਵੰਡਾ ਸਕਦੇ ਤੇ ਸਵਾਰਥੀ ਹੋ ਨਿਬੜਦੇ ਹਨ । ਸ਼ਾਂਤੀ ਟੀ. ਬੀ. ਦੀ ਮਰੀਜ਼ ਹੈ । ਇਹ ਛੂਤ ਦੀ ਬਿਮਾਰੀ ਹੈ ਉਹਦੇ ਜ਼ਰਾਸੀਮ ਹੋਰਨਾਂ ਨੂੰ ਵੀ ਬਿਮਾਰ ਕਰ ਸਕਦੇ ਹਨ । ਮਾਂ-ਬਾਪ ਬੁੱਢੇ ਹਨ । ਉਹ ਪੁੱਤਰਾਂ ਨੂੰਹਾਂ ਤੋਂ ਕੁਝ ਹਮਦਰਦੀ ਅਤੇ ਸੇਵਾ ਦੀ ਉਮੀਦ ਕਰਦੇ ਹਨ ਤੇ ਉਹ ਹਮਦਰਦੀ ਨਾ ਮਿਲਣ ਕਰ ਕੇ ਹਰ ਵੇਲੇ ਗਿਲੇ ਸ਼ਿਕਵੇ ਕਰਦੇ ਹਨ । ਬੱਚਿਆਂ ਨੂੰ ਦੁਰਅਸੀਸਾਂ ਦੇਂਦੇ ਹਨ ਤੇ ਨਾਲੇ ਡਰਦੇ ਵੀ ਹਨ ਕਿ ਇਹ ਦੁਰਅਸੀਸ ਕਿਧਰੇ ਸੱਚੀ ਮੁੱਚੀ ਉਨ੍ਹਾਂ ਦੇ ਬੱਚਿਆਂ ਨੂੰ ਨਾ ਲਗ ਜਾਏ । ਕਿਸੇ ਵਲੋਂ ਜ਼ਿੰਦਗੀ ਦੀਆਂ ਦੁੱਖ ਤਕਲੀਫਾਂ ਵਿਚ ਘੁਲ ਘੁਲ ਕੇ ਮਰਨ ਵਾਲਾ ਰਾਹ ਵੀ ਇਖਤਿਆਰ ਕੀਤਾ ਜਾ ਸਕਦਾ ਹੈ । ਬੁੜਬੁੜ ਕਰਦੇ ਜ਼ਿੰਦਗੀ ਨੂੰ ਇਕ ਚਿੜਚੜੇਪਨ ਦੀ ਲੰਮੀ ਦਾਸਤਾਨ ਵਿਚ ਵੀ ਬਦਲਿਆ ਜਾ ਸਕਦਾ ਹੈ ਜਾਂ ਫੇਰ ਇਸ ਦੇ ਦਵੰਦ ਨੂੰ ਸਮਝ ਕੇ ਸੰਘਰਸ਼ ਦੇ ਰਾਹ ਵਿਚ ਵੀ ਪਿਆ ਜਾ ਸਕਦਾ ਹੈ । ਹਰਸਰਨ ਸਿੰਘ ਨੇ ਇਕ ਟੱਬਰ ਦੀ ਕਹਾਣੀ ਵਿਚ ਜਿਸ ਤਰ੍ਹਾਂ ਸਾਰੇ ਪੱਖਾਂ ਨੂੰ ਪ੍ਰੋਇਆ ਹੋਇਆ ਹੈ ਇਹ ਲੇਖਕ ਦੀ ਜ਼ਿੰਦਗੀ ਬਾਰੇ ਡੂੰਘੀ ਘੋਖ ਦੀ ਪ੍ਰਤੀਕ ਹੈ । ਹਰਸਰਨ ਸਿੰਘ ਨੇ ਆਪਣੇ ਸ਼ਬਦਾਂ ਵਿਚ ਇਸ ਨਾਟਕ ਦੇ ਮੰਤਵ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

"ਉਦਾਸ ਲੋਕ ਵਿਚ ਉਨ੍ਹਾਂ ਦਸ ਪਾਤਰਾਂ ਦੀਆਂ ਕੁਝ ਘਟਨਾਵਾਂ ਦਾ ਵਰਨਣ ਹੈ, ਜਿਨ੍ਹਾਂ ਨੂੰ ਮੈਂ ਬੜੇ ਚਿਰ ਤੋਂ ਬੜੇ ਨੇੜੇ ਤੋਂ ਤੱਕ ਰਿਹਾ ਹਾਂ । ਪਰ ਮੈਨੂੰ ਉਨ੍ਹਾਂ ਦਸਾਂ ਵਿਚੋਂ ਉਨ੍ਹਾਂ ਸਾਰਿਆਂ ਲੋਕਾਂ ਦੇ ਮੁਹਾਂਦਰੇ ਵੀ ਦਿਸਦੇ ਹਨ ਜੋ ਆਪੋ ਆਪਣੇ ਜੀਵਨ ਤੋਂ ਅਸੰਤੁਸ਼ਟ ਹਨ । ਇਹ ਲੋਕ 'ਆਮ ਲੋਕ' ਹਨ, ਤੇ ਉਨ੍ਹਾਂ ਦੇ ਜੀਵਨ ਵਿਚਲੇ ਸੰਕਟ ਵੀ 'ਆਮ ਜਿਹੇ ਹਨ । ਪਰ ਉਨ੍ਹਾਂ ਦੀਆਂ ਆਪਣੀਆਂ ਨਜ਼ਰਾਂ ਨਾਲ ਵੇਖਣ ਨਾਲ ਉਹ ਬੜੇ ਹੀ ਮਹੱਤਵਪੂਰਨ ਲਗਦੇ ਹਨ । ਕਿਉਂਕਿ ਉਨ੍ਹਾਂ ਦੇ ਦਿਲਾਂ ਦੀ ਸ਼ਾਂਤੀ ਉਨ੍ਹਾਂ ਸੰਕਟਾਂ ਦੇ ਸਿੱਟਿਆਂ 'ਤੇ ਨਿਰਭਰ ਹੁੰਦੀ ਹੈ । ਕੁਝ ਨਾ ਕੁਝ ਹੋ ਕੇ ਰਹੇਗਾ ਦਾ ਖਿਆਲ ਉਨ੍ਹਾਂ ਦੇ ਮਨਾਂ ਅੰਦਰ ਡਰ, ਘਬਰਾਹਟ, ਖਿਝ ਗੁੱਸਾ, ਦੁੱਖ ਦਰਦ ਆਦਿ ਪੈਦਾ ਕਰਦਾ ਹੈ ਅਤੇ ਇਹ ਉਦੋਂ ਤਕ ਕਾਇਮ ਰਹਿੰਦਾ ਹੈ ਜਦੋਂ ਤੀਕ ਕੁਝ ਨਾ ਕੁਝ ਹੋ ਕੇ ਨਹੀਂ ਰਹਿੰਦਾ ਤੇ ਬਹੁਤੀ ਵਾਰੀ ਉਸ ਤੋਂ ਪਿੱਛੋਂ ਵੀ। ਇਹ ਸਾਰੇ ਚਿੰਨ੍ਹ, ਜਿਥੇ ਕਿ ਕਿਸੇ ਨਾ ਕਿਸੇ ਅਸ਼ਾਂਤੀ ਦੇ ਸੂਚਕ ਹਨ, ਉਹ ਨਾਟਕੀ ਵੀ ਹਨ । ਇਹੋ ਕਾਰਨ ਹੈ ਕਿ ਮੈਂ ਇਹ ਨਾਟਕ ਲਿਖਿਆ ਹੈ ।"

ਇਸ ਨਾਟਕ ਦਾ ਸ਼ੁਰੂ ਬੜਾ ਸੂਖਮ ਹੈ । ਸ਼ਾਂਤੀ ਨੂੰ ਥੋੜ੍ਹਾ ਥੋੜ੍ਹਾ ਬੁਖਾਰ ਹਮੇਸ਼ਾ ਰਹਿੰਦਾ ਹੈ । ਉਹਨੂੰ ਟੀ. ਬੀ. ਹੋਣ ਦਾ ਪੂਰਾ ਅਹਿਸਾਸ ਹੈ ਪ[ਰ] ਸ਼ਿਵ ਇਸ ਸ਼ੱਕ ਨੂੰ ਸੱਚਾਈ ਨਹੀਂ ਮੰਨਣ[ਾ] ਚਾਹੁੰਦਾ । ਇਕ ਝੂਠੀ ਤਸੱਲੀ ਸਾਡੇ ਦਰਮਿਆ[ਨੇ] ਤਬਕੇ ਦੀ ਜ਼ਿੰਦਗੀ ਦਾ ਇਕ ਅੰਸ਼ ਹੈ । ਇਸ ਨਾਟਕ ਦੇ ਪਹਿਲੇ ਅੰਕ ਵਿਚ ਇਹ ਉਮੀਦ ਟੁੱਟਦੀ ਹੈ । ਝੁੰਝਲਾਹਟ ਜ਼ਿੰਦਗੀ ਦਾ ਚੱਟਨ ਬਣਦੀ ਹੈ ਕਿਉਂਕਿ ਇਸ ਝੁੰਝਲਾਹਟ ਵਿਚ ਕੁਝ ਕਰਨ ਦ[ਾ] ਇਰਾਦਾ ਹਾਲੇ ਹੈ ਜੋ ਅਸਲੀਅਤ ਨਹੀਂ ਬ[ਣ] ਰਿਹਾ । ਇਹ ਨਾਟਕ ਦਾ ਦੂਜਾ ਅੰਕ ਹੈ । ਝੁੰਝਲਾਹਟ ਸਿਖਰਾਂ 'ਤੇ ਪੁੱਜ ਕੇ ਨਾਉਮੀਦੀ ਵਿ[ਚ] ਬਦਲ ਜਾਂਦੀ ਹੈ । ਬੰਦੇ ਦੀ ਬੇਵਸੀ ਬੰਦੇ ਦ[ੀ] ਖਿਝ ਵਿਚ ਬਦਲ ਜਾਂਦੀ ਹੈ । ਇਹ ਨਾਟਕ ਦ[ਾ] ਤੀਜਾ ਅੰਕ ਹੈ। ਨਾਟਕ ਦਾ ਸਿਖਰ ਹੈ, ਜਦ[ੋਂ] ਬੰਦਾ ਹਾਰ ਜਾਂਦਾ ਹੈ ਤੇ ਆਪਣੇ ਆਪ ਨੂੰ ਬੇਸਹਾ[ਰਾ] ਤੇ ਬੇਮਦਦਗਾਰ ਸਮਝਦਾ ਹੈ । ਇਹ ਨਾਟਕ ਸਾਰਾ ਇਕ ਮਾਨਸਿਕ ਖਿਚਾਅ ਦਾ ਨਾਟਕ ਹੈ ।

ਇੰਦਰਜੀਤ ਮਹਿਤਾ ਨੇ ਸ਼ਿਵ ਦੀ ਜੋ ਭੂਮਿਕ[ਾ] ਨਿਭਾਈ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ । ਨਾਟਕ ਦੀ ਰੂਹ ਜਿਉਣ ਵਿਚ ਉਹ ਬਹੁ[ਤ] ਸਫਲ ਸੀ, ਖਾਸ ਕਰ ਕੇ ਸ਼ਾਂਤੀ ਦੀ ਮੌਤ ਬਾਅ[ਦ] ਜੋ ਇਕੱਲੇਪਣ ਦਾ ਅਹਿਸਾਸ ਉਸ ਨੇ ਚਿਹਰੇ ਦੇ ਹਾਵਭਾਵ ਵਿਚ ਪ੍ਰਗਟ ਕੀਤਾ, ਉਹ ਉਹਦੀ ਵਿਸ਼ੇਸ਼ ਪ੍ਰਾਪਤੀ ਸੀ। ਸ਼ਾਂਤੀ ਦੇ ਰੂਪ ਵਿਚ ਦਿਲਜੀਤ ਨੇ ਜੋ ਆਪਣੀ ਦਰਦਭਰੀ ਭੂਮਿਕਾ ਬਹੁਤ ਵਧੀਆ ਨਿਭਾਈ । ਨਿੱਕੇ ਭਰਾ ਦੇ ਰੂਪ ਵਿਚ ਅਰਵਿੰਦ ਨੇ ਆਪਣੇ ਪਾਤਰ ਨੂੰ ਬਾਖੂਬੀ ਨਿਭਾਇਆ । ਇਤਨ[ੀ] ਵੱਡੀ ਗਿਣਤੀ ਵਿਚ ਦਰਸ਼ਕਾਂ ਨੇ ਮੁਕੰਮਲ ਖਾਮੋਸ਼[ੀ] ਵਿਚ ਇਹ $1^1/_2$ ਘੰਟੇ ਦੇ ਨਾਟਕ ਦਾ ਹਰ ਪਲ ਪੂਰੀ ਤਰ੍ਹਾਂ ਮਾਣਿਆ । ਇਹ ਜਿਥੇ ਦਰਸ਼ਕਾਂ ਦ[ੀ] ਸੂਝ ਦਾ ਸੂਚਕ ਹੈ, ਉਥੇ ਇਸ ਨਾਟਕ ਦੀ ਜ਼ਿੰਦਗੀ ਦੇ ਯਥਾਰਥ ਨੂੰ ਬੜੀ ਬਾਰੀਕੀ ਨਾਲ ਪਕੜਣ ਦੀ ਇਕ ਵੱਡੀ ਪ੍ਰਾਪਤੀ ਹੈ । ਹਰਸਰਨ ਸਿੰਘ ਦੀ ਇਕੱਲੀ ਇਹੀ ਰਚਨਾ ਹੀ ਉਸ ਨੂੰ ਪੰਜਾਬੀ ਨਾਟਕਕਾਰਾਂ ਦੀਆਂ ਮੂਹਰਲੀਆਂ ਸਫਾਂ ਵਿਚ ਸ਼ਮੂਲੀਅਤ ਦੀ ਹੱਕਦਾਰ ਬਣਾਂਦੀ ਹੈ ।

ਪਿੱਛੋਂ ਲਿਖਿਆ ਨੋਟ : ਹੁਣ ਜਦੋਂ ਕਿ ਟੀ. ਵੀ. ਮਾਧਿਅਮ ਹੋਂਦ ਵਿਚ ਆ ਗਿਆ ਹੈ ਤਾਂ ਕਿਸੇ ਚੰਗੇ ਨਿਰਮਾਤਾ ਦੇ ਹੱਥੋਂ ਇਹ ਨਾਟਕ ਟੈਲੀ ਫਿਲਮ ਜਾਂ ਕਿਸ਼ਤਵਾਰ ਨਾਟਕ ਦੇ ਰੂਪ ਵਿਚ ਬਹੁਤ ਹੀ ਸਫਲ ਤਰੀਕੇ ਨਾਲ ਪੇਸ਼ ਕੀਤਾ ਜਾ ਸਕਦਾ ਹੈ ।